peel District School Board

# ਆਪਣੇ ਬੱਚੇ ਦੀ ਗਣਿਤ ਵਿੱਚ ਕਾਮਯਾਬ ਹੋਣ ਵਿੱਚ ਮਦਦ ਕਰੋ

## ਮਾਪਿਆਂ ਲਈ ਗਣਿਤ ਬਾਰੇ ਗੁਰ




ਮਿਡਲ ਸਕੂਲ ਦੇ ਵਿਦਿਆਰਥੀਆਂ ਦੇ ਮਾਪਿਆਂ ਲਈ

ਜਦੋਂ ਮਾਪੇ ਆਪਣੇ ਬੱਚੇ ਦੀ ਸਕੂਲ ਦੀ ਸਿੱਖਿਆ ਵਿੱਚ ਸ਼ਾਮਲ ਹੁੰਦੇ ਹਨ, ਬੱਚੇ ਸਕੂਲ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਉਣਗੇ। ਇੱਥੇ ਅਸੀਂ ਮਾਪਿਆਂ ਲਈ ਕੁੱਝ ਗੁਰ ਦੱਸ ਰਹੇ ਹਾਂ ਕਿ ਆਪਣੇ ਬੱਚੇ ਦੀ ਗਣਿਤ ਵਿੱਚ ਕਾਮਯਾਬੀ ਵਿੱਚ ਉਹ ਕਿਵੇਂ ਮਦਦ ਕਰ ਸਕਦੇ ਹਨ।

### ਗਣਿਤ ਬਾਰੇ ਉਸਾਰੂ ਪਹੁੰਚ ਰੱਖੋ

- ਆਪਣੇ ਬੱਚੇ ਦੀ ਗਣਿਤ ਵਿੱਚ ਕਾਮਯਾਬ ਹੋਣ ਦੀ ਕਾਬਲੀਅਤ ਵਿੱਚ ਵਿਸ਼ਵਾਸ ਜਤਾਉ।
- ਇਸ ਗੱਲ ਨੂੰ ਸਮਝਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ ਕਿ ਅਜਿਹੀਆਂ ਗਲਤੀਆਂ ਸਿੱਖਿਆ ਦਾ ਮੌਕਾ ਹੁੰਦੀਆ ਹਨ।
- ਆਪਣੇ ਪਿਛੋਕੜ ਵਿੱਚੋਂ ਗਣਿਤ ਬਾਰੇਆਪਣੇ ਬੱਚੇ ਨੂੰ ਸਾਕਾਰਤਾਮਕ ਗੱਲਾਂ ਦੱਸੋ। ਮਾੜੇ ਤਜਰਬੇ ਦੱਸਣ ਦਾ ਫਾਇਦਾ ਨਹੀਂ ਹੁੰਦਾ।

### ਹਾਜ਼ਰੀ ਨੂੰ ਤਰਜੀਹ ਦਿਓ

- ਐਪੁਆਇੰਟਮੈਂਟਾਂ ਅਤੇ ਛੁੱਟੀਆਂ ਸਕੂਲ ਦੇ ਸਮੇਂ ਤੋਂ ਬਾਅਦ ਰੱਖੋ।
- ਗ਼ੈਰਹਾਜ਼ਰੀ ਦੀ ਸੂਰਤ ਵਿੱਚ, ਇਹ ਯਕੀਨੀ ਬਣਾਉ ਕਿ ਤੁਹਾਡੇ ਬੱਚੇ ਦਾ ਕੋਈ 'ਪੜ੍ਹਾਈ ਵਾਲਾ ਦੋਸਤ' ਹੋਵੇ ਜੋ ਕਲਾਸ ਵਿੱਚ ਮਿਲਣ ਵਾਲੀ ਸਮੱਗਰੀ ਅਤੇ ਸੌਂਪੇ ਕੰਮ ਨੂੰ ਇਕੱਠਾ ਕਰਦਾ ਰਹੇ।
- ਵਾਪਸ ਆਉਣ ਤੇ ਸਿੱਧਾ ਟੀਚਰ ਨਾਲ ਸੰਪਰਕ ਕਰਨ ਲਈ ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ।

### ਤਰਤੀਬ ਬੱਧ ਰਹਿਣ ਲਈ ਉਤਸ਼ਾਹਿਤ ਕਰੋ

- ਯਕੀਨੀ ਬਣਾਉ ਕਿ ਢੁਕਵੇਂ ਸਾਜ਼ੋ ਸਮਾਨ ਆਸਾਨੀ ਨਾਲ ਉਪਲਬਧ ਹੋਣ – ਜਿਵੇਂ ਘੜੀਆਂ ਹੋਈਆਂ ਪੈਨਸਲਾਂ, ਰਬੜਾਂ, ਫੁੱਟੇ, ਪ੍ਰੋਟਰੈਕਟਰ, ਪਰਕਾਰ (ਕੰਪਸ), ਕੈਲਕੁਲੇਟਰ ਅਤੇ ਕਾਗਜ਼ ਵਿੱਚ ਛੇਕ ਕਰਨ ਵਾਲਾ ਯੰਤਰ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਬਾਕਾਇਦਗੀ ਨਾਲ ਕਾਗਜ਼ਾਂ ਨੂੰ ਬਾਈਂਡਰਾਂ ਅਤੇ ਬੈਕਪੈਕ ਵਿੱਚ ਰੱਖੇ। ਖੁੱਲ੍ਹੇ ਕਾਗਜ਼ਾਂ 'ਤੇ ਸਿਰਲੇਖ ਅਤੇ ਤਾਰੀਖ਼ ਲਿਖ ਕੇ ਬਾਈਂਡਰ ਦੇ ਵੱਖ-ਵੱਖ ਖਾਨਿਆਂ ਵਿੱਚ ਤਰਤੀਬ ਨਾਲ ਰੱਖੇ ਜਾਣ।
- ਤਰਤੀਬ ਬੱਧ ਰਹਿਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ। ਸਕੂਲ ਵੱਲੋਂ ਸੌਂਪੇ ਕੰਮਾਂ, ਹੋਮਵਰਕ ਅਤੇ ਟੈੱਸਟ ਦਰਜ ਕਰਨ ਲਈ ਰੋਜ਼ਨਾਮਚਾ (ਜਰਨਲ) ਜਾਂ ਡੇਟਾਈਮਰ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੋ।
- ਗਣਿਤ ਵਿੱਚ ਸੁਧਾਰ ਲਈ ਥੋੜੇ ਅਤੇ ਲੰਮੇ ਸਮੇਂ ਦੇ ਅਮਲੀ ਨਿਸ਼ਾਨੇ ਮਿੱਥਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ।
- ਯਕੀਨੀ ਬਣਾਉ ਕਿ ਬੱਚਾ ਸਕੂਲ ਦੇ ਕੰਮ ਅਤੇ ਬਾਕੀ ਗਤੀਵਿਧੀਆਂ, ਜਿਵੇਂ ਖੇਡਾਂ, ਕਲੱਬਾਂ ਅਤੇ ਦੋਸਤਾਂ ਵਿਚਕਾਰ ਇੱਕ ਸੁਚੱਜਾ ਸੰਤੁਲਨ ਬਰਕਰਾਰ ਰੱਖੇ। ਇਹ ਯਕੀਨੀ ਬਣਾਉਣ ਲਈ ਕਿ ਹੋਮਵਰਕ ਕਰਨ ਲਈ ਕਾਫ਼ੀ ਸਮਾਂ ਬਚ ਜਾਵੇ, ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਨੂੰ ਇਸ ਤਰ੍ਹਾਂ ਤਰਜੀਹ ਦੇਣ ਵਿੱਚ ਬੱਚੇ ਦੀ ਮਦਦ ਕਰੋ।

### ਗਣਿਤ ਨੂੰ ਨਿੱਤ ਦੇ ਜੀਵਨ ਦਾ ਹਿੱਸਾ ਬਣਾਓ

- ਆਪਣੇ ਬੱਚੇ ਨੂੰ ਆਖੋ ਕਿ ਗਰੋਸਰੀ ਦੇ ਬਿਲ, ਭਾਨ, ਟੈਕਸ, ਟਿੱਪ, ਗਿਣਤੀਆਂ-ਮਿਣਤੀਆਂ, ਸਫ਼ਰ ਦਾ ਫਾਸਲਾ ਅਤੇ ਵਕਤ, ਅਤੇ ਕਿਸੇ ਕਮਰੇ ਲਈ ਲੋੜੀਂਦੇ ਪੇਂਟ ਜਾਂ ਦਰੀ ਦੀ ਮਿਕਦਾਰ ਦਾ ਹਿਸਾਬ ਲਾ ਕੇ ਦੱਸੇ।
- ਆਪਣੇ ਕੰਮ ਅਤੇ ਨਿੱਤ ਦੇ ਜੀਵਨ ਵਿੱਚ ਗਣਿਤ ਦੀ ਵਰਤੋਂ ਦੇ ਢੰਗਾਂ ਬਾਰੇ, ਅਤੇ ਅਖ਼ਬਾਰਾਂ (ਖੇਡਾਂ ਦੇ ਅੰਕੜੇ, ਸਟਾਕ ਦੀਆਂ ਕੀਮਤਾਂ, ਗਣਿਤ ਦੇ ਪਜ਼ਲ, ਗ੍ਰਾਫ) ਵਿੱਚ ਗਣਿਤ ਦੀ ਵਰਤੋਂ ਬਾਰੇ ਗੱਲਬਾਤ ਕਰੋ।
- ਜ਼ਬਾਨੀ ਗਿਣਤੀ ਕਰਨ ਦੇ ਹਰ ਮੌਕੇ ਦੀ ਵਰਤੋਂ ਕਰੋ ਅਤੇ ਇਸ ਵਿੱਚ ਸ਼ਾਮਲ ਅਮਲ ਬਾਰੇ ਵਿਚਾਰ ਕਰੋ।

### ਜਾਣਕਾਰੀ ਰੱਖੋ

- ਸਕੂਲ ਵਿੱਚ ਗਣਿਤ ਬਾਰੇ ਪੁੱਛੋ – ਕਿਹੜੇ ਵਿਸ਼ਿਆਂ ਤੇ ਵਿਚਾਰ ਕੀਤਾ ਜਾ ਰਿਹਾ ਹੈ? ਹੋਮਵਰਕ ਵਿੱਚ ਕੀ ਮਿਲਿਆ ਹੈ? ਦਿਲਚਸਪ ਚੀਜ਼ ਕਿਹੜੀ ਹੈ?
- ਆਪਣੇ ਬੱਚੇ ਦੇ ਗਰੇਡ ਬਾਰੇ ਪਾਠਕ੍ਰਮ ਨਾਲ ਸੰਬੰਧਤ ਦਸਤਾਵੇਜ਼ ਪੜ੍ਹੋ ਜਿਹੜੇ ਕਿ www.edu.gov.on.ca 'ਤੇ ਉਪਲਬਧ ਹਨ

### ਯਕੀਨੀ ਬਣਾਉ ਕਿ ਬੁਨਿਆਦੀ ਗੱਲਾਂ ਦੀ ਮਹਾਰਤ ਹੋ ਜਾਵੇ

- ਬਾਰ ਬਾਰ ਕੀਤੇ ਜਾਣ ਵਾਲੇ ਅਭਿਆਸ ਨੂੰ ਦਿਲਚਸਪ ਬਣਾਉਣ ਲਈ ਪਰਿਵਾਰਕ ਖੇਡਾਂ ਖੇਡੋ। ਤੁਸੀਂ ਖੇਡ ਸਕਦੇ ਹੋ:
  - ਤਾਸ਼ ਦੀਆਂ ਖੇਡਾਂ – ਜਿਵੇਂ ਕ੍ਰਿਬੇਜ, ਸੈੱਟ, ਵਿਜ਼ੂਅਲ ਬਰੇਨਸਟੌਰਮਜ਼
  - ਬੋਰਡ ਵਾਲੀਆਂ ਖੇਡਾਂ— ਜਿਵੇਂ ਸ਼ਤਰੰਜ, ਬੈਕਗੈਮਨ, ਮਾਸਟਰਮਾਂਈਂਡ, ਮੈਂਕਾਲਾ
  - ਕੰਪਿਊਟਰ ਖੇਡਾਂ — ਜਿਵੇਂ ਟੈਟਰੀ, ਕਿਊਬਿਸ, ਅਰਥਕੁਏਕ

## ਹੋਮਵਰਕ ਕਰਨ ਵੇਲੇ ਹਿਮਾਇਤ ਕਰੋ

- ਬੱਚੇ ਦੇ ਥੱਕ ਜਾਣ ਤੋਂ ਪਹਿਲਾਂ - ਦਿਨ ਦੇ ਬਾਕਾਇਦਾ ਸਮੇਂ ਆਪਣੇ ਬੱਚੇ ਨੂੰ ਹੋਮਵਰਕ ਕਰਨ ਲਈ ਉਤਸ਼ਾਹਿਤ ਕਰੋ।
- ਹਰ ਰੋਜ਼ ਆਪਣੇ ਬੱਚੇ ਨੂੰ ਪੁੱਛੋ ਕਿ ਉਸ ਨੂੰ ਗਣਿਤ ਦਾ ਹੋਮਵਰਕ ਕੀ ਮਿਲਿਆ ਹੈ? ਬਹੁਤ ਸਾਰੇ ਸਕੂਲਾਂ ਵਿੱਚ ਹੋਮ ਵਰਕ ਸਕੂਲ ਦੀ ਵੈੱਬਸਾਈਟ 'ਤੇ ਜਾਂ ਵਾਇਸਮੇਲ ਵਿੱਚ ਪਾ ਦਿੱਤਾ ਜਾਂਦਾ ਹੈ, ਤਾਂ ਕਿ ਤੁਹਾਨੂੰ ਪਤਾ ਰਹੇ ਕਿ ਤੁਹਾਡੇ ਬੱਚੇ ਦੀ ਕਲਾਸ ਵਿੱਚ ਕੀ ਹੋਮਵਰਕ ਦਿੱਤਾ ਗਿਆ ਹੈ।
- ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਹਰ ਸਵਾਲ ਦਾ ਕੋਈ ਹੱਲ ਲਿਖੇ – ਭਾਵੇਂ ਉਸ ਨੂੰ ਇਸ ਦੇ ਸਹੀ ਹੋਣ ਦਾ ਯਕੀਨ ਹੋਵੇ ਜਾਂ ਨਾ।
- ਇਹ ਯਕੀਨੀ ਬਣਾਉਣ ਲਈ ਜਾਂਚ ਕਰੋ ਕਿ ਕੀ ਸਾਰੇ ਸਵਾਲ, ਅਤੇ ਸਵਾਲਾਂ ਦੇ ਸਾਰੇ ਹਿੱਸੇ ਮੁਕੰਮਲ ਕੀਤੇ ਹੋਣ।
- ਇਹ ਸੁਝਾਉ ਕਿ ਗਲਤੀਆਂ ਕੱਢਣ ਵੇਲੇ ਪੈੱਨ ਦੀ ਵਰਤੋਂ ਕੀਤੀ ਜਾਵੇ ਅਤੇ ਯਕੀਨੀ ਬਣਾਉ ਕਿ ਗਲਤੀਆਂ ਦਰੁਸਤ ਕੀਤੀਆਂ ਗਈਆਂ ਹਨ।
- ਜੇ ਹੋਮਵਰਕ ਨਾ ਮਿਲਿਆ ਹੋਵੇ, ਤਾਂ ਪਹਿਲਾਂ ਮਿਲੇ ਕੰਮ ਤੇ ਮੁੜ ਨਜ਼ਰ ਮਾਰੋ ਅਤੇ ਇਸ ਨੂੰ ਮੁੜ-ਤਰਤੀਬ ਸਿਰ ਕਰੋ।
- ਜਦੋਂ ਕਿਤੇ ਉਲਝ ਜਾਵੋਂ ਤਾਂ ਕੋਈ ਜੁਗਤ ਵਰਤੋ:
  1. ਸਮੱਸਿਆ ਨੂੰ ਉੱਚੀ ਬੋਲ ਕੇ ਪੜ੍ਹੋ – ਗਣਿਤ ਦੇ ਸ਼ਬਦਾਂ ਦੇ ਮਤਲਬ ਪਤਾ ਕਰੋ।
  2. ਸਮੱਸਿਆ ਵਿਚਲੀ ਮਹੱਤਵਪੂਰਣ ਜਾਣਕਾਰੀ ਨੂੰ 'ਹਾਈਲਾਈਟ' ਕਰ ਲਉ।
  3. ਪਾਠ ਅਤੇ ਨੋਟਾਂ ਵਿੱਚ ਇਸ ਤਰ੍ਹਾਂ ਦੇ ਸਵਾਲਾਂ ਦੇ ਹੱਲ ਲਈ ਉਦਾਹਰਣਾਂ ਵੇਖੋ।
  4. ਸਮੱਸਿਆ ਦੇ ਹਿੱਸੇ ਕਰ ਲਓ।
  5. ਬਦਲਵੇਂ ਤਰੀਕਿਆਂ ਬਾਰੇ ਸੋਚੋ।
  6. ਥੋੜਾ ਆਰਾਮ ਕਰ ਕੇ ਇਸ 'ਤੇ ਮੁੜ-ਵਿਚਾਰ ਕਰੋ।
  7. ਸਲਾਹ ਲਈ ਕਿਸੇ ਦੋਸਤ ਨੂੰ ਫ਼ੋਨ ਕਰ ਲਓ।
  8. ਵਿਸ਼ੇ ਨਾਲ ਸੰਬੰਧਤ ਜਾਣਕਾਰੀ ਲਈ ਇੰਟਰਨੈੱਟ 'ਤੇ ਭਾਲ ਕਰੋ।

## ਆਪਣੇ ਬੱਚੇ ਦੀ ਕੰਮ ਸੰਬੰਧੀ ਇੱਕ ਕਾਰਜ-ਯੋਜਨਾ ਬਣਾਉਣ ਵਿੱਚ ਮਦਦ ਕਰੋ

- ਤੁਰੰਤ ਸ਼ੁਰੂ ਕਰੋ ਅਤੇ ਸਮੇਂ ਦੀ ਇੱਕ ਵਿਉਂਤ ਬਣਾ ਲਉ।
- ਜੇ ਕੰਮ ਦਾ ਕੋਈ ਵੀ ਹਿੱਸਾ ਪਰੇਸ਼ਾਨ ਕਰਨ ਵਾਲਾ ਲੱਗੇ, ਉਸੇ ਵੇਲੇ ਟੀਚਰ ਨਾਲ ਗੱਲ ਸਪੱਸ਼ਟ ਕਰ ਲਵੋ।
- ਲੰਮੇਂ ਕੰਮਾਂ ਦੇ ਹਿੱਸੇ ਕਰ ਲਵੋ।
- ਹਿਦਾਇਤਾਂ ਦੀ ਪਾਲਣਾ ਕਰੋ: ਜੇ ਕੰਮ ਪੈਨਸਿਲ ਨਾਲ ਕਰ ਕੇ ਦੇਣਾ ਹੈ, ਯਕੀਨੀ ਬਣਾਉ ਕਿ ਇਸ ਤਰ੍ਹਾਂ ਹੀ ਕੀਤਾ ਜਾਵੇ।
- ਗਣਿਤ ਦੀ ਮੁੜ ਕੇ ਜਾਂਚ ਕਰੋ –ਆਪਣੇ ਬੱਚੇ ਨੂੰ ਸੁਝਾਅ ਦਿਓ ਕਿ ਉਹ ਆਪਣੇ ਆਪ ਨੂੰ ਪੁੱਛੇ ਕਿ:
  - ਕੀ ਮੈਂ ਗਣਿਤ ਦੀ ਸ਼ਬਦਾਵਲੀ ਦੀ ਸਹੀ ਅਤੇ ਅਸਰਦਾਰ ਵਰਤੋਂ ਕੀਤੀ ਹੈ?
  - ਕੀ ਬਿਲਕੁਲ ਠੀਕ ਹੋਣਾ ਯਕੀਨੀ ਬਣਾਉਣ ਲਈ ਮੈਂ ਗਣਿਤ ਦੇ ਸਾਧਨ ਵਰਤ ਲਏ ਹਨ?
  - ਕੀ ਮੈਂ ਲੋੜੀਂਦੀਆਂ ਥਾਵਾਂ ਤੇ ਉਚਤ ਇਕਾਈਆਂ ਵਰਤੀਆਂ ਹਨ?
  - ਕੀ ਮੈਂ ਪੁੱਛੇ ਗਏ ਸਵਾਲ ਦਾ ਉੱਤਰ ਦੇ ਦਿੱਤਾ ਹੈ? ਕੀ ਜਿਸ ਤਰੀਕੇ ਨਾਲ ਮੇਰਾ ਹੱਲ ਲਿਖਿਆ ਗਿਆ ਹੈ, ਕੋਈ ਹੋਰ ਵਿਅਕਤੀ ਇਸ ਨੂੰ ਸਮਝ ਲਵੇਗਾ?
  - ਕੀ ਮੈਂ ਕੰਮ ਦੇ ਸਾਰੇ ਹਿੱਸੇ ਮੁਕੰਮਲ ਕਰ ਲਏ ਹਨ?
  - ਕੀ ਮੇਰੇ ਵੱਲੋਂ ਦਿੱਤਾ ਗਿਆ ਹੱਲ ਸਮਝ ਆਉਣ ਯੋਗ ਹੈ?

## ਪੜ੍ਹਾਈ ਦੀਆਂ ਅਮਲੀ ਤਕਨੀਕਾਂ ਦੀ ਹਿਮਾਇਤ ਕਰੋ

- ਜਿਉਂ ਹੀ ਕੋਈ ਤਾਰੀਖ਼ ਮਿੱਥੀ ਜਾਵੇ, ਟੈਸਟ ਦੇ ਵਿਸ਼ੇ ਨੂੰ ਜਿੰਨੀ ਛੇਤੀ ਹੋ ਸਕੇ, ਸਪਸ਼ਟ ਕਰ ਲਵੋ, ਅਤੇ ਅਨਿਸਚਤ ਗੱਲਾਂ ਸਮਝ ਲਉ।
- ਪੜ੍ਹਾਈ ਨੂੰ ਕਈ ਦਿਨਾਂ ਵਿੱਚ ਵੰਡ ਲਉ।
- ਲਿਖੋ, ਬੋਲੋ, ਗਾਓ – ਜਾਣਕਾਰੀ ਪੱਕੀ ਕਰਨ ਅਤੇ ਯਾਦ ਰੱਖਣ ਲਈ ਭਿੰਨ-ਭਿੰਨ ਤਰੀਕੇ ਵਰਤੋ।
- ਪੜ੍ਹਾਈ ਦੇ ਨੋਟ ਬਣਾ ਲਵੋ ਤਾਂ ਕਿ ਸਿੱਖਣ ਵਾਲੀਆਂ ਚੀਜ਼ਾਂ ਕਿਸੇ ਸੰਖੇਪ ਰੂਪ ਵਿੱਚ ਮੌਜੂਦ ਹੋਣ।
- ਹੋਮਵਰਕ ਵਿਚਲੇ ਜਿਨ੍ਹਾਂ ਸਵਾਲਾਂ ਜਾਂ ਕੰਮ ਨਾਲ ਪਹਿਲਾਂ ਮੁਸ਼ਕਲਾਂ ਪੇਸ਼ ਆਈਆਂ ਹੋਣ, ਉਨ੍ਹਾ ਨੂੰ ਦੁਬਾਰਾ ਹੱਲ ਕਰ ਕੇ ਵੇਖੋ ਅਤੇ ਸਹੀ ਹੋਣ ਲਈ ਉੱਤਰ ਦੀ ਜਾਂਚ ਕਰੋ।

## ਮਦਦ ਦੇ ਹੋਰ ਸਾਧਨਾਂ ਦੀ ਭਾਲ ਕਰੋ

ਗਣਿਤ ਸਿੱਖਣ ਵਿੱਚ ਮਦਦ ਹਾਸਲ ਕਰਨ ਲਈ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਹੋਰ ਬਹੁਤ ਸਾਰੀਆਂ ਥਾਵਾਂ ਹਨ। ਹੇਠਾਂ ਕੁਝ ਕੁ ਉਦਾਹਰਣਾਂ ਹੀ ਦਿੱਤੀਆਂ ਜਾ ਰਹੀਆਂ ਹਨ:

- (ਆਨਲਾਈਨ ਮੈਥ) *Online Math* ਪੀਲ ਬੋਰਡ ਦੀ ਇੱਕ ਵੈੱਬਸਾਈਟ ਹੈ। ਹੋਮਵਰਕ ਵਿੱਚ ਮਦਦ ਅਤੇ ਗਣਿਤ ਦੇ ਹੋਰ ਸਾਧਨਾਂ ਲਈ ਵੇਖੋ

  http://mathonline.peelschools.org
- ਗਣਿਤ ਦੇ ਹੋਮਵਰਕ ਵਿੱਚ ਮਦਦਗਾਰ ਹੋਰ ਵੈੱਬਸਾਈਟਾਂ:
  www.ilc.org/eureka ਤੁਹਾਨੂੰ "ਕਿਸੇ ਟੀਚਰ ਤੋਂ ਸਵਾਲ ਪੁੱਛਣ" ਦਿੰਦੀ ਹੈ;

  www.purplemath.com ਤੇ ਕਈ ਤਰ੍ਹਾਂ ਦੇ ਪਾਠ ਅਤੇ ਅਧਿਆਪਕ ਵੱਲੋਂ ਸਿਖਲਾਈ ਪੇਸ਼ ਕਰਦੀ ਹੈ;
- ਕਈ ਕਮਿਊਨਿਟੀ ਏਜੰਸੀਆਂ ਵੀ ਹੋਮਵਰਕ ਵਿੱਚ ਮਦਦ ਅਤੇ ਹੋਮਵਰਕ ਕਲੱਬਾਂ ਦੀ ਪੇਸ਼ਕਸ਼ ਕਰਦੇ ਹਨ। ਆਪਣੇ ਪਰਿਵਾਰ, ਦੋਸਤਾਂ ਜਾਂ ਗਵਾਂਢੀਆਂ ਤੋਂ ਪਤਾ ਕਰੋ ਕਿ ਕਿਹੜੀਆਂ ਤੁਹਾਡੇ ਘਰ ਦੇ ਸਭ ਤੋਂ ਨੇੜੇ ਹਨ।

*ਇਸ ਟਿੱਪ ਸ਼ੀਟ ਨੂੰ ਜੈਨ ਕ੍ਰੋਫੁੱਟ, ਰੀਸੋਰਸ ਟੀਚਰ, ਅਤੇ ਆਇਰੀਨ ਮੱਕਈਵੋਇ, ਮੈਥੇਮੈਟੀਕਲ ਲਿਟਰੇਸੀ ਕੋਆਰਡੀਨੇਟਰ, ਵੱਲੋਂ ਤਿਆਰ ਕੀਤਾ ਗਿਆ।*